
**ਵਾੱਸ਼ਿੰਗਟਨ ਇਲੈਕਟ੍ਰਾੱਨਿਕ ਬੈਨੇਫ਼ਿਟਸ ਟ੍ਰਾਂਸਫ਼ਰ (EBT) ਅਤੇ ਵਾੱਸ਼ਿੰਗਟਨ Quest EBT ਕਾਰਡ ਲਈ** 

# ਤੁਹਾਡਾ ਸੁਆਗਤ ਹੈ — ਇਹ ਆਪਣੇ ਲਾਭਾਂ ਦੀ ਵਰਤੋਂ ਕਰਨ ਲਈ ਸੁਰੱਖਿਅਤ, ਸਹੂਲਤ ਵਾਲਾ ਅਤੇ ਬਹੁਤ ਹੀ ਅਸਾਨ ਤਰੀਕਾ ਹੈ।

ਜੇ ਤੁਸੀਂ ਬੁਨਿਆਦੀ ਭੋਜਨ ਦੇ ਲਾਭਾਂ ਲਈ ਯੋਗ ਹੋ, ਤਾਂ ਤੁਸੀਂ ਇਸ ਵਿੱਚ ਹਿੱਸਾ ਲੈ ਰਹੇ ਕਿਸੇ ਸਟੋਰ 'ਤੇ ਭੋਜਨ ਦਾ ਢੁਕਵਾਂ ਸਮਾਨ ਖ਼ਰੀਦਣ ਲਈ ਆਪਣੇ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰ ਸਕਦੇ ਹੋ, ਇਸ ਵਿੱਚ ਔਨਲਾਈਨ ਖ਼ਰੀਦਾਰੀ ਦੀ ਪੇਸ਼ਕਸ਼ ਕਰਨ ਵਾਲੇ ਸਟੋਰ ਸ਼ਾਮਿਲ ਹੁੰਦੇ ਹਨ।

ਜੇ ਤੁਸੀਂ ਨਗਦੀ ਲਾਭਾਂ ਲਈ ਯੋਗ ਹੋ, ਤਾਂ ਤੁਸੀਂ ਇਸ ਵਿੱਚ ਹਿੱਸਾ ਲੈ ਰਹੇ ਸਟੋਰਾਂ ਤੋਂ ਨਗਦੀ ਲੈਣ ਜਾਂ ਖ਼ਰੀਦਾਰੀ ਕਰਨ ਲਈ ਭੁਗਤਾਨ ਕਰਨ ਵਾਸਤੇ ਆਪਣੇ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰ ਸਕਦੇ ਹੋ ਅਤੇ ATMs ਤੋਂ ਆਪਣੇ ਲਾਭ ਕੱਢ ਸਕਦੇ ਹੋ।

## ਇਹ ਕੰਮ ਬਹੁਤ ਹੀ ਅਸਾਨ ਹੈ!




### ਸਟੋਰ 'ਤੇ ਆਪਣੇ ਵਾੱਸ਼ਿੰਗਟਨ QUEST EBT ਕਾਰਡ ਦੀ ਵਰਤੋਂ ਕਿਵੇਂ ਕਰੋ

1. ਖ਼ਰੀਦਾਰੀ ਕਰਨ ਲਈ ਜਾਣ ਤੋਂ ਪਹਿਲਾਂ www.ebtedge.com 'ਤੇ ਜਾਓ ਜਾਂ ਗਾਹਕ ਸੇਵਾ ਨੂੰ ਕਾੱਲ ਕਰੋ।
2. ਪੁਆਇੰਟ-ਔਫ਼-ਸੇਲ (POS) ਟਰਮਿਨਲ ਰਾਹੀਂ ਆਪਣਾ ਵਾੱਸ਼ਿੰਗਟਨ Quest EBT ਕਾਰਡ ਸਵਾਈਪ ਕਰੋ ਜਾਂ ਕਲਰਕ/ਕੈਸ਼ੀਅਰ ਨੂੰ ਆਪਣਾ ਕਾਰਡ ਦਿਓ।
3. ਕਲਰਕ ਨੂੰ ਦੱਸਣਾ ਯਕੀਨੀ ਬਣਾਓ ਕਿ ਕਿਹੜੇ ਖਾਤੇ (ਭੋਜਨ ਜਾਂ ਨਗਦ) ਵਿੱਚੋਂ ਖ਼ਰਚ ਕਰਨਾ ਹੈ।
4. ਕੀਪੈਡ 'ਤੇ ਆਪਣਾ ਚਾਰ-ਅੰਕਾਂ ਦਾ ਨਿੱਜੀ ਪਛਾਣ ਨੰਬਰ (PIN) ਭਰੋ। ਟਰਮੀਨਲ 'ਤੇ **** ਨਜ਼ਰ ਆਏਗਾ।
5. OK ਜਾਂ ENTER ਬਟਨ ਦੱਬੋ।
6. ਕਲਰਕ ਖ਼ਰੀਦ ਦੀ ਰਕਮ ਭਰਦਾ ਹੈ, ਜੇ ਇਹ ਠੀਕ ਹੈ, ਤਾਂ ਤੁਸੀਂ YES ਦਾ ਬਟਨ ਦੱਬੋ।
7. ਕਲਰਕ ਤੁਹਾਨੂੰ ਤੁਹਾਡੀ ਰਸੀਦ ਦਏਗਾ। ਯਕੀਨੀ ਬਣਾਓ ਕਿ ਰਸੀਦ 'ਤੇ ਦਿੱਤੀ ਜਾਣਕਾਰੀ ਸਹੀ ਹੈ।
8. ਇਹ ਰਸੀਦ ਸੰਭਾਲਕੇ ਰੱਖੋ, ਤਾਂਜੋ ਤੁਸੀਂ ਅਗਲੀ ਵਾਰੀ ਖ਼ਰੀਦਾਰੀ ਕਰਨ ਵੇਲੇ ਨਵੀਂ ਬਕਾਇਆ ਰਕਮ ਜਾਣ ਸਕੋ।

ਤੁਹਾਡੇ ਵਲੋਂ ਵਰਤੀ ਜਾਂਦੀ POS ਮਸ਼ੀਨ ਜਾਂ ਚੈਕਆਉਟ ਸਿਸਟਮ ਦੇ ਹਰ ਕਿਸਮ ਦੇ ਪੜਾਅ ਵੱਖ ਹੋ ਸਕਦੇ ਹਨ। ਜੇ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਕਲਰਕ ਨੂੰ ਪੁੱਛੋ।

ਤੁਹਾਡੇ ਭੋਜਨ ਲਾਭ ਵਾਲੇ ਖਾਤੇ ਵਿੱਚੋਂ ਸਿਰਫ਼ ਤੁਹਾਡੀ ਭੋਜਨ ਸਬੰਧੀ ਖ਼ਰੀਦਾਰੀ ਦੀ ਬਿਲਕੁਲ ਸਹੀ ਰਕਮ ਕੱਟੀ ਜਾਂਦੀ ਹੈ। ਸਟੋਰ ਵੱਲੋਂ ਭੋਜਨ ਲਾਭ ਸਬੰਧੀ ਖ਼ਰੀਦਾਰੀਆਂ ਲਈ ਤੁਹਾਨੂੰ ਖੁੱਲ੍ਹੇ ਪੈਸੇ ਨਹੀਂ ਦਿੱਤੇ ਜਾਣਗੇ।

ਤੁਸੀਂ ਆਪਣੇ ਨਗਦੀ ਲਾਭਾਂ ਨੂੰ ਸਟੋਰਾਂ 'ਤੇ ਸਿਰਫ-ਨਗਦ ਨਿਕਾਸੀ ਲਈ ਵਰਤ ਸਕਦੇ ਹੋ ਜਾਂ ਭੋਜਨ ਅਤੇ ਗ਼ੈਰ-ਭੋਜਨ ਵਸਤਾਂ (ਸਾਬਣ, ਡਾਇਪਰ ਆਦਿ) ਖਰੀਦਣ ਲਈ ਵਰਤ ਸਕਦੇ ਹੋ। ਜਦੋਂ ਤੁਸੀਂ ਆਪਣੇ ਨਗਦ ਖਾਤੇ ਵਿੱਚੋਂ ਖ਼ਰੀਦਾਰੀ ਕਰਦੇ ਹੋ, ਤਾਂ ਸਟੋਰ ਕੈਸ਼ ਬੈਕ ਵੀ ਦੇ ਸਕਦੇ ਹਨ। ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਲਰਕ ਨੂੰ ਪੁੱਛੋ।




### ਔੱਟੋਮੇਟਿਡ ਟੈਲਰ ਮਸ਼ੀਨ (ATM) 'ਤੇ ਆਪਣੇ ਵਾੱਸ਼ਿੰਗਟਨ QUEST EBT ਕਾਰਡ ਦੀ ਵਰਤੋਂ ਕਿਵੇਂ ਕਰੋ

(ਸਿਰਫ਼ ਨਗਦੀ ਲਾਭ ਕੱਢਣ ਲਈ; ATM ਰਾਹੀਂ ਭੋਜਨ ਦੇ ਲਾਭਾਂ ਤੱਕ ਪਹੁੰਚ ਨਹੀਂ ਕੀਤੀ ਜਾ ਸਕਦੀ)

1. ਆਪਣਾ ਕਾਰਡ ਪਾਓ ਜਾਂ ਸਵਾਈਪ ਕਰੋ।
2. ਆਪਣਾ PIN ਭਰੋ ਅਤੇ OK ਜਾਂ ENTER ਬਟਨ ਦੱਬੋ।
3. WITHDRAW CASH ਦੇ ਨਿਸ਼ਾਨ ਵਾਲਾ ਬਟਨ ਚੁਣੋ ਅਤੇ ਫਿਰ CHECKING ਚੁਣੋ
4. ਲੋੜੀਂਦੀ ਰਕਮ ਨੂੰ ਡਾੱਲਰ ਦੀ ਸਮੁੱਚੀ ਰਕਮ ਵਿੱਚ ਭਰੋ (ਉਦਾਹਰਣ ਲਈ, $20, $40, $60, ਆਦਿ)।
5. ਜੇ ਕੋਈ ਵਾਧੂ ਲਾਗਤ ਹੈ,
   - ਤਾਂ ਇਸ ਨੂੰ ਪ੍ਰਵਾਣ ਕਰਨ ਲਈ YES ਚੁਣੋ ਅਤੇ ਲੈਣ-ਦੇਣ ਜਾਰੀ ਰੱਖੋ।
   - ਜੇ ਤੁਸੀਂ ਵਾਧੂ ਲਾਗਤ ਨਹੀਂ ਦੇਣਾ ਚਾਹੁੰਦੇ, ਤਾਂ ਲੈਣ-ਦੇਣ ਰੱਦ ਕਰਨ ਲਈ NO ਚੁਣੋ।
6. ਆਪਣਾ ਕਾਰਡ, ਰਸੀਦ ਅਤੇ ਨਗਦੀ ਲਓ। ਜੇ ਤੁਹਾਡਾ ਕਾਰਡ ATM ਵਿੱਚ ਰਹਿ ਜਾਂਦਾ ਹੈ, ਤਾਂ 888-328-9271 'ਤੇ ਸੰਪਰਕ ਗਾਹਕ ਸੇਵਾ ਨੂੰ ਕਾੱਲ ਕਰੋ।
7. ਆਪਣੀ ਨਗਦੀ ਗਿਣੋ ਅਤੇ ਰਸੀਦ ਨਾਲ ਮਿਲਾਓ।
8. ATM ਰਸੀਦ 'ਤੇ ਇਸ ਸਮੇਂ ਉਪਲਬਧ ਨਗਦੀ ਦਾ ਬਕਾਇਆ ਵਿਖਾਇਆ ਜਾਏਗਾ।

ਜੇ ATM ਮਸ਼ੀਨ ਰਾਹੀਂ ਤੁਹਾਡੇ ਵਲੋਂ ਹਰ ਵਾਰੀ ਕਢਵਾਈ ਜਾਣ ਵਾਲੀ ਨਗਦੀ 'ਤੇ ਸੀਮਾ ਲਾਈ ਗਈ ਹੈ, ਤਾਂ ਤੁਹਾਨੂੰ ATM ਤੋਂ ਆਪਣੇ ਸਾਰੇ ਨਗਦੀ ਲਾਭ ਕਈ ਵਾਰੀ ਕੱਢਣੇ ਪੈ ਸਕਦੇ ਹਨ। ATM ਤੋਂ ਹਰ ਵਾਰੀ ਲੈਣ-ਦੇਣ ਕਰਨ 'ਤੇ ਸਰਚਾਰਜ ਲੱਗ ਸਕਦਾ ਹੈ।

## ਵਾੱਸ਼ਿੰਗਟਨ QUEST EBT ਬਾਰੇ ਸੁਆਲ ਅਤੇ ਜਵਾਬ

### ਮੈਂ ਵਾੱਸ਼ਿੰਗਟਨ Quest EBT ਕਾਰਡ ਦੇ ਆਪਣੇ ਲਾਭ ਕਿਵੇਂ ਪ੍ਰਾਪਤ ਕਰਾਂ?

ਹਰ ਮਹੀਨੇ ਤੁਹਾਡੇ ਲਾਭ ਤੁਹਾਡੇ ਖਾਤੇ ਵਿੱਚ ਆਪਣੇ-ਆਪ ਜਮ੍ਹਾ ਹੋ ਜਾਣਗੇ। ਆਪਣੇ ਲਾਭ ਲੈਣ ਲਈ ਤੁਸੀਂ ਉਸੀ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰੋਗੇ। ਜਿਵੇਂ ਹੀ ਤੁਸੀਂ ਨਗਦੀ ਕਢਾਉਣ ਜਾਂ ਚੀਜ਼ਾਂ ਖ਼ਰੀਦਣ ਲਈ ਆਪਣੇ ਲਾਭਾਂ ਦੀ ਵਰਤੋਂ ਕਰੋਗੇ, ਤੁਹਾਡੇ ਖਾਤੇ ਵਿਚਲੀ ਬਕਾਇਆ ਰਕਮ ਘਟ ਜਾਏਗੀ। ਜੇ ਤੁਹਾਡਾ ਕਾਰਡ ਨਹੀਂ ਗੁਆਚਦਾ, ਚੋਰੀ ਨਹੀਂ ਹੁੰਦਾ ਜਾਂ ਖ਼ਰਾਬ ਨਹੀਂ ਹੁੰਦਾ, ਤਾਂ ਇਸ ਨੂੰ ਬਦਲਣ ਦੀ ਲੋੜ ਨਹੀਂ ਹੈ।

### ਮੈਨੂੰ ਮੇਰੇ ਲਾਭ ਕਦੋਂ ਮਿਲਣਗੇ?

ਹਰ ਮਹੀਨੇ ਤੁਹਾਡੇ EBT ਖਾਤੇ ਵਿੱਚ ਲਾਭ ਤੈਅਸ਼ੁਦਾ ਦਿਨ 'ਤੇ ਹੀ ਜਮ੍ਹਾ ਕੀਤੇ ਜਾਣਗੇ, ਭਾਵੇਂ ਉਸ ਦਿਨ ਵੀਕਐਂਡ ਹੋਵੇ ਜਾਂ ਛੁੱਟੀ। ਸਾਰੇ ਲਾਭ ਪੈਸਿਫ਼ਿਕ ਸਮੇਂ ਅਨੁਸਾਰ ਸਵੇਰੇ 9 ਵਜੇ ਤੱਕ ਉਪਲਬਧ ਹੁੰਦੇ ਹਨ। ਮਹੀਨੇ ਦੇ ਅਖ਼ੀਰ ਵਿੱਚ ਬਾਕੀ ਬਚੇ ਕੋਈ ਵੀ ਲਾਭ ਅਗਲੇ ਮਹੀਨੇ ਵਿੱਚ ਜਮ੍ਹਾ ਕਰ ਦਿੱਤੇ ਜਾਣਗੇ।

### ਮੈਂ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਿਵੇਂ ਕਰ ਸਕਦਾ/ਸਕਦੀ ਹਾਂ?

ਤੁਸੀਂ ਦੇਸ਼ ਭਰ ਵਿਚਲੇ ਇਸ ਵਿੱਚ ਹਿੱਸਾ ਲੈ ਰਹੇ ਸਟੋਰਾਂ ਅਤੇ ATMs (ਸਿਰਫ਼ ਨਗਦ ਲਾਭਾਂ ਲਈ) ਵਿੱਚ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰ ਸਕਦੇ ਹੋ। ਜਿੱਥੇ ਤੁਹਾਨੂੰ Quest (Quest) ਲੋਗੋ ਨਜ਼ਰ ਆਉਂਦਾ ਹੈ, ਤੁਸੀਂ ਉੱਥੇ ਆਪਣੇ ਕਾਰਡ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਨੂੰ Quest (Quest) ਲੋਗੋ ਨਜ਼ਰ ਨਹੀਂ ਆਉਂਦਾ, ਤਾਂ ਸਟੋਰ ਮੈਨੇਜਰ ਨੂੰ ਪੁੱਛੋ ਕਿ ਤੁਸੀਂ ਸਟੋਰ ਵਿੱਚ ਭੋਜਨ ਖ਼ਰੀਦਣ ਜਾਂ ਕੈਸ਼ ਲਾਭ ਪ੍ਰਾਪਤ ਕਰਨ ਲਈ ਆਪਣੇ ਕਾਰਡ ਦੀ ਵਰਤੋਂ ਕਰ ਸਕਦੇ ਹੋ ਜਾਂ ਨਹੀਂ।

### ਜੇ ਮੇਰਾ ਕਾਰਡ ਗੁਆਚ ਜਾਂਦਾ ਹੈ, ਤਾਂ ਮੈਂ ਕੀ ਕਰਾਂ?

ਜੇ ਤੁਹਾਡਾ ਵਾੱਸ਼ਿੰਗਟਨ Quest EBT ਕਾਰਡ ਗੁੰਮ ਗਿਆ ਹੈ, ਚੋਰੀ ਹੋ ਗਿਆ ਹੈ ਜਾਂ ਖ਼ਰਾਬ ਹੋ ਗਿਆ ਹੈ, ਤਾਂ ਤੁਹਾਨੂੰ ਇਸ ਨੂੰ ਡੀਐਕਟੀਵੇਟ (ਫ਼ੌਰਨ ਬੰਦ) ਕਰਾਉਣ ਲਈ ਅਤੇ ਤੁਹਾਨੂੰ ਡਾਕ ਰਾਹੀਂ ਇੱਕ ਬਦਲਵਾਂ ਕਾਰਡ ਭੇਜਣ ਲਈ ਟੋਲ-ਫ਼੍ਰੀ ਨੰਬਰ 888-328-9271 'ਤੇ ਗਾਹਕ ਸੇਵਾ ਨੂੰ ਕਾੱਲ ਕਰਨੀ ਚਾਹੀਦੀ ਹੈ।

### ਮੇਰਾ ਕਾਰਡ ਨੰਬਰ ਕੀ ਹੈ?

ਤੁਹਾਡੇ ਕਾਰਡ 'ਤੇ ਪ੍ਰਿੰਟ ਕੀਤਾ ਗਿਆ 16-ਅੰਕਾਂ ਦਾ ਨੰਬਰ ਹੀ ਤੁਹਾਡਾ ਕਾਰਡ ਨੰਬਰ ਹੈ।

### ਜੇ ਮੇਰਾ ਕਾਰਡ ਕੰਮ ਨਹੀਂ ਕਰਦਾ ਹੈ ਤਾਂ ਕੀ ਕਰਾਂ?

ਗਾਹਕ ਸੇਵਾ ਨੂੰ ਕਾੱਲ ਕਰੋ ਅਤੇ ਉਹ ਤੁਹਾਡੀ ਸਹਾਇਤਾ ਕਰਨਗੇ। ਤੁਹਾਡੇ ਕਾਰਡ ਦੇ ਪਿਛਲੇ ਪਾਸੇ ਟੋਲ ਫ਼੍ਰੀ ਨੰਬਰ ਮਿਲ ਸਕਦਾ ਹੈ। ਗਾਹਕ ਸੇਵਾ ਦਿਨ ਦੇ 24 ਘੰਟੇ, ਹਫ਼ਤੇ ਦੇ ਸੱਤ ਦਿਨ ਉਪਲਬਧ ਹੈ।

### ਕੀ ਹੋਵੇਗਾ ਜੇ ਮੇਰੇ ਖਾਤੇ ਤੋਂ ਗਲਤ ਟ੍ਰਾਂਜੈਕਸ਼ਨ ਕੀਤਾ ਜਾਂਦਾ ਹੈ?

ਜੇ ਕੰਪਿਊਟਰ ਸਿਸਟਮ ਵਿੱਚ ਸਮੱਸਿਆ ਦੇ ਕਾਰਨ ਰਿਟੇਲਰ ਤੁਹਾਡੇ EBT ਖਾਤੇ ਵਿੱਚੋਂ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਰਕਮ ਦਾ ਭੁਗਤਾਨ ਕਰ ਦਿੰਦਾ ਹੈ, ਤਾਂ ਤੁਹਾਡੇ ਬੈਲੇਂਸ ਵਿੱਚ ਗਲਤੀ ਸੁਧਾਰ ਦਿੱਤੀ ਜਾਵੇਗੀ। ਇਸ ਸੁਧਾਰ ਦੇ ਕਾਰਨ ਤੁਹਾਡੇ ਮੌਜੂਦਾ ਜਾਂ ਅਗਲੇ ਮਹੀਨੇ ਦਾ ਬੈਲੇਂਸ ਪ੍ਰਭਾਵਿਤ ਹੋ ਸਕਦਾ ਹੈ। ਜੇ ਇਸ ਸੁਧਾਰ ਦੇ ਕਾਰਨ ਤੁਹਾਡਾ ਬੈਲੇਂਸ ਘਟ ਜਾਂਦਾ ਹੈ, ਤਾਂ ਸੁਧਾਰ ਦਾ EBT ਸਮਾਯੋਜਨ ਨੋਟਿਸ ਤੁਹਾਨੂੰ ਭੇਜ ਦਿੱਤਾ ਜਾਵੇਗਾ।

### ਮੈਂ ਆਪਣੇ ਕਾਰਡ ਦਾ ਖ਼ਿਆਲ ਕਿਵੇਂ ਰੱਖਾਂ?

1. ਆਪਣੇ ਕਾਰਡ ਦੇ ਪਿਛਲੇ ਪਾਸੇ ਦਸਤਖਤ ਕਰੋ।
2. ਆਪਣੇ ਕਾਰਡ 'ਤੇ ਆਪਣਾ PIN ਨਾ ਲਿਖੋ।
3. ਆਪਣਾ ਕਾਰਡ ਸੁਰੱਖਿਅਤ ਅਤੇ ਸਾਫ਼ ਰੱਖੋ।
4. ਆਪਣੇ ਕਾਰਡ ਨੂੰ ਨਾ ਮੋੜੋ।
5. ਆਪਣੇ ਕਾਰਡ ਨੂੰ ਚੁੰਬਕਾਂ ਅਤੇ ਟੀਵੀ, ਮਾਈਕ੍ਰੋਵੇਵ ਆਦਿ ਵਰਗੇ ਇਲੈਕਟ੍ਰਾੱਨਿਕ ਉਪਕਰਣਾਂ ਤੋਂ ਦੂਰ ਰੱਖੋ।
6. ਇਸ ਨੂੰ ਤੇਜ਼ ਧੁੱਪ ਵਿੱਚ ਨਾ ਰੱਖੋ, ਜਿਵੇਂ ਤੁਹਾਡੇ ਕਾਰ ਦਾ ਡੈਸ਼ਬੋਰਡ।
7. ਆਪਣਾ ਕਾਰਡ ਨਾ ਸੁੱਟੋ; ਜਦੋਂ ਤੱਕ ਤੁਹਾਨੂੰ ਲਾਭ ਮਿਲ ਰਹੇ ਹਨ, ਉਦੋਂ ਤੱਕ ਤੁਸੀਂ ਹਰ ਮਹੀਨੇ ਇਸੇ ਕਾਰਡ ਦੀ ਵਰਤੋਂ ਕਰਨੀ ਹੈ।
8. ਬਹੁਤ ਜ਼ਿਆਦਾ ਵਾਰੀ ਕਾਰਡ ਬਦਲਣ ਕਰਕੇ ਧੋਖਾਧੜੀ ਸਬੰਧੀ ਵਰਤੋਂ ਬਾਰੇ ਜਾਂਚ ਕੀਤੀ ਜਾ ਸਕਦੀ ਹੈ।

### ਕੀ ਇਹ ਨਿਜੀ ਪਛਾਣ ਨੰਬਰ ਹੈ?

PIN ਚਾਰ-ਅੰਕ ਦਾ ਗੁਪਤ ਨੰਬਰ ਹੈ, ਜਿਸ ਨਾਲ ਤੁਸੀਂ ਸਿਰਫ਼ ਆਪਣੇ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰ ਸਕਦੇ ਹੋ। EBT ਕਾਰਡ PIN ਤੋਂ ਬਿਨਾ ਕੰਮ ਨਹੀਂ ਕਰਦਾ। ਕਦੀ ਵੀ ਆਪਣਾ PIN ਕਿਸੇ ਹੋਰ ਨੂੰ ਨਾ ਦੱਸੋ! ਜੇ ਕਿਸੇ ਹੋਰ ਨੂੰ ਤੁਹਾਡਾ PIN ਪਤਾ ਹੈ, ਤਾਂ ਉਹ ਤੁਹਾਡੇ ਸਾਰੇ ਲਾਭ ਪ੍ਰਾਪਤ ਕਰਨ ਲਈ ਤੁਹਾਡੇ ਕਾਰਡ ਦੀ ਵਰਤੋਂ ਕਰ ਸਕਦਾ ਹੈ ਅਤੇ ਉਹ ਲਾਭ ਵਾਪਸ ਨਹੀਂ ਕੀਤੇ ਜਾਣਗੇ।

### ਮੈਂ PIN ਕਿਵੇਂ ਚੁਣਾਂ?

ਤੁਸੀਂ ਗਾਹਕ ਸੇਵਾ ਨੂੰ ਕਾੱਲ ਕਰਕੇ ਜਾਂ ਆਪਣੇ ਸਥਾਨਕ DSHS ਭਾਈਚਾਰਕ ਸੇਵਾ ਬਾਰੇ ਦਫ਼ਤਰ (CSO) ਵਿੱਚ ਖ਼ੁਦ ਜਾਕੇ ਆਪਣਾ ਚਾਰ-ਅੰਕ ਦਾ PIN ਚੁਣ ਸਕਦੇ ਹੋ। ਅਸਾਨੀ ਨਾਲ ਅੰਦਾਜ਼ਾ ਲਾਇਆ ਜਾਣ ਵਾਲਾ PIN ਜਾਂ “1234, ਜਾਂ “0000” ਵਰਗਾ ਕੋਈ ਅਸਾਨ ਜਿਹਾ ਪੈਟਰਨ ਨਾ ਚੁਣੋ।

### ਜੇ ਮੈਂ ਆਪਣਾ PIN ਭੁੱਲ ਗਿਆ/ਗਈ ਹਾਂ, ਤਾਂ ਕੀ ਹੋਏਗਾ?

ਜੇ ਤੁਸੀਂ ਆਪਣਾ PIN ਭੁੱਲ ਜਾਂਦੇ ਹੋ ਜਾਂ ਆਪਣਾ PIN ਬਦਲਣਾ ਚਾਹੁੰਦੇ ਹੋ, ਤਾਂ ਤੁਸੀਂ ਗਾਹਕ ਸੇਵਾ ਨੂੰ ਕਾੱਲ ਕਰ ਸਕਦੇ ਹੋ।

### ਕੀ ਹੋਏਗਾ, ਜੇ ਮੈਂ ਗ਼ਲਤ PIN ਭਰਦਾ/ਭਰਦੀ ਹਾਂ

ਜੇ ਤੁਸੀਂ ਗ਼ਲਤ PIN ਭਰਦੇ ਹੋ, ਤਾਂ ਸਹੀ ਨੰਬਰ ਭਰਨ ਲਈ ਤੁਹਾਡੇ ਕੋਲ ਤਿੰਨ ਮੌਕੇ ਹੁੰਦੇ ਹਨ। ਜੇ ਚੌਥੀ ਵਾਰੀ ਵੀ ਸਹੀ PIN ਨਹੀਂ ਭਰਿਆ ਜਾਂਦਾ, ਤਾਂ ਤੁਹਾਡੇ ਖਾਤੇ ਨੂੰ ਸੁਰੱਖਿਅਤ ਰੱਖਣ ਲਈ ਤੁਹਾਡਾ ਕਾਰਡ ਲੌਕ (ਬੰਦ) ਕਰ ਦਿੱਤਾ ਜਾਏਗਾ। ਤੁਸੀਂ ਅੱਧੀ ਰਾਤ ਤੋਂ ਬਾਅਦ ਤੱਕ ਇਸ ਕਾਰਡ ਦੀ ਫਿਰ ਤੋਂ ਵਰਤੋਂ ਨਹੀਂ ਕਰ ਸਕੋਗੇ, ਜਦ ਤੱਕ ਕਿ ਤੁਸੀਂ ਲੌਕ ਖੁਲ੍ਹਵਾਉਣ ਲਈ ਸਥਾਨਕ DSHS ਭਾਈਚਾਰਕ ਸੇਵਾਵਾਂ ਬਾਰੇ ਦਫ਼ਤਰ ਵਿੱਚ ਨਹੀਂ ਜਾਂਦੇ। ਕਈ ਮਾਮਲਿਆਂ ਵਿੱਚ, ਤੁਹਾਡਾ ਕਾਰਡ ATM ਵਿੱਚ ਰਹਿ ਸਕਦਾ ਹੈ। ਜੇ ਤੁਹਾਡਾ ਕਾਰਡ ATM ਵਿੱਚ ਰਹਿ ਜਾਂਦਾ ਹੈ, ਤਾਂ ਗਾਹਕ ਸੇਵਾ ਨੂੰ ਸੰਪਰਕ ਕਰੋ।

### ਜੇ ਕਿਸੇ ਹੋਰ ਨੂੰ ਮੇਰਾ PIN ਮਿਲ ਜਾਂਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ?

ਫ਼ੌਰਨ ਗਾਹਕ ਸੇਵਾ ਨੂੰ ਕਾੱਲ ਕਰਕੇ ਨਵਾਂ PIN ਚੁਣੋ ਜਾਂ **www.ebtedge.com 'ਤੇ** ਜਾਂ *ebt*EDGE ਮੋਬਾਈਲ ਐਪ 'ਤੇ ਔਨਲਾਈਨ ਆਪਣਾ PIN ਬਦਲੋ।

### ਮੈਨੂੰ ਆਪਣੇ ਖਾਤੇ ਦੀ ਬਕਾਇਆ ਰਕਮ ਦਾ ਕਿਵੇਂ ਪਤਾ ਚੱਲੇਗਾ?

ਆਪਣੇ ਖਾਤੇ ਦੀ ਬਕਾਇਆ ਰਕਮ ਦਾ ਪਤਾ ਲਾਉਣ ਦਾ ਸਭ ਤੋਂ ਅਸਾਨ ਤਰੀਕਾ ਹੈ, ਆਪਣੀਆਂ ਰਸੀਦਾਂ ਨੂੰ ਸਾਂਭਕੇ ਰੱਖਣਾ। ਜੇ ਤੁਹਾਡੇ ਕੋਲ ਆਪਣੀਆਂ ਰਸੀਦਾਂ ਨਹੀਂ ਹਨ, ਤਾਂ ਤੁਸੀਂ **www.ebtedge.com** 'ਤੇ ਜਾਂ *ebt*EDGE ਮੋਬਾਈਲ ਐਪ 'ਤੇ ਆਪਣੀ ਬਕਾਇਆ ਰਕਮ ਦਾ ਪਤਾ ਲਾ ਸਕਦੇ ਹੋ ਜਾਂ ਤੁਸੀਂ ਗਾਹਕ ਸੇਵਾ ਨੂੰ ਕਾੱਲ ਕਰ ਸਕਦੇ ਹੋ। ਖ਼ਰੀਦਾਰੀ ਕਰਨ ਤੋਂ ਪਹਿਲਾਂ ਤੁਹਾਨੂੰ ਹਮੇਸ਼ਾ ਆਪਣੇ ਖਾਤੇ ਦੇ ਬਕਾਏ ਬਾਰੇ ਪਤਾ ਹੋਣਾ ਚਾਹੀਦਾ ਹੈ।

## ਕੀ ਹੋਵੇਗਾ ਜੇ ਪੁਆਇੰਟ ਔਫ ਸੇਲ (POS) ਮਸ਼ੀਨ ਕੰਮ ਨਹੀਂ ਕਰ ਰਹੀ ਹੈ?

ਜੇ ਤੁਸੀਂ ਆਪਣੇ ਭੋਜਨ ਲਾਭਾਂ ਨਾਲ ਭੋਜਨ ਦਾ ਢੁਕਵਾਂ ਸਮਾਨ ਖ਼ਰੀਦਣਾ ਚਾਹੁੰਦੇ ਹੋ ਅਤੇ POS ਮਸ਼ੀਨ ਕੰਮ ਨਹੀਂ ਕਰ ਰਹੀ ਜਾਂ ਸਟੋਰ 'ਤੇ ਉਪਲਬਧ ਨਹੀਂ ਹੈ, ਤਾਂ ਕੈਸ਼ੀਅਰ ਭੋਜਨ ਲਾਭ ਵਾਊਚਰ ਨਾਂ ਦਾ ਇੱਕ ਕਾਗਜ਼ੀ ਫ਼ਾਰਮ ਭਰੇਗਾ। ਕੈਸ਼ੀਅਰ ਤੁਹਾਡਾ ਵਾੱਸ਼ਿੰਗਟਨ Quest EBT ਕਾਰਡ ਨੰਬਰ ਅਤੇ ਜਿੰਨੀ ਰਕਮ ਤੁਸੀਂ ਖ਼ਰਚ ਕਰ ਰਹੇ ਹੋ, ਲਿਖੇਗਾ। ਕੈਸ਼ੀਅਰ ਨੂੰ ਆਪਣਾ PIN ਨਾ ਦੱਸੋ। ਕੈਸ਼ੀਅਰ ਇਹ ਪਤਾ ਲਾਉਣ ਲਈ ਤੁਹਾਨੂੰ ਕਾੱਲ ਕਰੇਗਾ ਕਿ ਭੋਜਨ ਖ਼ਰੀਦਣ ਲਈ ਤੁਹਾਡੇ ਭੋਜਨ ਲਾਭ ਸਬੰਧੀ ਖਾਤੇ ਵਿੱਚ ਢੁਕਵੇਂ ਲਾਭ ਹਨ; ਉਹ ਤੁਹਾਡੇ ਨਗਦ ਲਾਭ ਸਬੰਧੀ ਖਾਤੇ ਦੀ ਜਾਂਚ ਨਹੀਂ ਕਰੇਗਾ। ਜੇ ਤੁਹਾਡੇ ਭੋਜਨ ਲਾਭ ਖਾਤੇ ਵਿੱਚ ਢੁਕਵੀਂ ਰਕਮ ਹੈ, ਤਾਂ ਤੁਹਾਨੂੰ ਵਾਊਚਰ 'ਤੇ ਦਸਤਖ਼ਤ ਕਰਨ ਲਈ ਕਿਹਾ ਜਾਏਗਾ ਅਤੇ ਇਸ ਦੀ ਇੱਕ ਕਾਪੀ ਤੁਹਾਨੂੰ ਦਿੱਤੀ ਜਾਏਗੀ। ਇਹ ਕਾਪੀ ਆਪਣੇ ਕੋਲ ਰੱਖਣੀ ਬਹੁਤ ਜ਼ਰੂਰੀ ਹੈ, ਤਾਂ ਜੋ ਤੁਸੀਂ ਖ਼ਰਚ ਕੀਤੀ ਗਈ ਰਕਮ ਨੂੰ ਆਪਣੀ ਪਿਛਲੀ EBT ਰਸੀਦ ਦੀ ਬਕਾਇਆ ਰਕਮ ਵਿੱਚੋਂ ਘਟਾਕੇ ਪਤਾ ਲਾ ਸਕੋ। ਇਸ ਨਾਲ ਤੁਹਾਨੂੰ ਆਪਣੇ ਖਾਤੇ ਦੀ ਮੌਜੂਦਾ ਰਕਮ ਬਾਰੇ ਪਤਾ ਚੱਲ ਜਾਏਗਾ। ਸਟੋਰ ਨਗਦ ਲਾਭਾਂ ਲਈ ਮੈਨੂਅਲ ਵਾਊਚਰ ਦਾ ਅਮਲ ਸਿਰੇ ਨਹੀਂ ਚਾੜ੍ਹ ਸਕਦਾ।

## ਕੀ ਮੈਂ ਬੈਂਕ ਟੈਲਰ 'ਤੇ ਜਾ ਸਕਦਾ/ਸਕਦੀ ਹਾਂ ਅਤੇ ਪੈਸੇ ਕਢਵਾ ਜਾਂ ਆਪਣੇ EBT ਖਾਤੇ ਬਾਰੇ ਪੁੱਛਗਿੱਛ ਕਰ ਸਕਦਾ/ਸਕਦੀ ਹਾਂ?

ਨਹੀਂ, ਤੁਸੀਂ ਸਿਰਫ਼ ATM ਤੋਂ ਜਾਂ POS ਮਸ਼ੀਨ ਰਾਹੀਂ ਨਗਦ ਰਕਮ ਕਢਵਾ ਸਕਦੇ ਹੋ, ਜੋ ਹਿੱਸਾ ਲੈ ਰਹੇ ਸਟੋਰ 'ਤੇ ਕੈਸ਼ ਬੈਕ ਦੀ ਪੇਸ਼ਕਸ਼ ਕਰਦੇ ਹਨ। ਜੇ ਆਪਣੀ ਨਗਦੀ ਜਾਂ ਭੋਜਨ ਲਾਭ ਸਬੰਧੀ ਖਾਤਿਆਂ ਬਾਰੇ ਤੁਹਾਡੇ ਸੁਆਲ ਹਨ।

## ਜੇ ਮੇਰੇ ਵਾੱਸ਼ਿੰਗਟਨ Quest EBT ਕਾਰਡ ਵਿੱਚ $10 ਤੋਂ ਘੱਟ ਮੁੱਲ ਦੇ ਨਗਦੀ ਲਾਭ ਹਨ, ਤਾਂ ਮੈਂ ਇਹਨਾਂ ਨੂੰ ਕਿਵੇਂ ਕਢਾਵਾਂਗਾ/ਕਢਾਵਾਂਗੀ?

ਇਹ ਫ਼ੰਡ ਹਾਸਿਲ ਕਰਨ ਲਈ ਤੁਸੀਂ ਹਿੱਸਾ ਲੈ ਰਹੇ ਸਟੋਰਾਂ 'ਤੇ POS ਮਸ਼ੀਨ 'ਤੇ ਖ਼ਰੀਦਾਰੀ ਕਰ ਸਕਦੇ ਹੋ ਜਾਂ ਕੈਸ਼ ਬੈਕ ਲੈਣ-ਦੇਣ ਕਰ ਸਕਦੇ ਹੋ।

## ਕੀ ਆਪਣੇ ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰਨ ਲਈ ਲੈਣ-ਦੇਣ ਸਬੰਧੀ ਫ਼ੀਸਾਂ ਜਾਂ ਵਾਧੂ ਲਾਗਤਾਂ ਲੱਗਦੀਆਂ ਹਨ?

ਵਾੱਸ਼ਿੰਗਟਨ Quest EBT ਕਾਰਡ ਨਾਲ ਭੋਜਨ ਖ਼ਰੀਦਣ ਲਈ ਆਪਣੇ ਭੋਜਨ ਦੇ ਲਾਭਾਂ ਦੀ ਵਰਤੋਂ ਕਰਨ ਲਈ ਕਦੀ ਵੀ ਲੈਣ-ਦੇਣ ਸਬੰਧੀ ਫ਼ੀਸ ਨਹੀਂ ਲੱਗਦੀ। POS ਮਸ਼ੀਨ 'ਤੇ ਭੋਜਨ ਖ਼ਰੀਦਣ ਜਾਂ ਨਗਦ ਰਕਮ ਲੈਣ ਲਈ ਆਪਣੇ ਨਗਦ ਲਾਭਾਂ ਦੀ ਵਰਤੋਂ ਕਰਨ ਲਈ ਕਦੀ ਵੀ ਲੈਣ-ਦੇਣ ਸਬੰਧੀ ਫ਼ੀਸ ਨਹੀਂ ਲੱਗਦੀ।

ਸਰਚਾਰਜ ਲੱਗ ਸਕਦਾ ਹੈ। ਸਰਚਾਰਜ, ATM ਜਾਂ POS ਮਸ਼ੀਨ ਦੇ ਮਾਲਕ ਵਲੋਂ ਉਸ ਮਸ਼ੀਨ ਵਿੱਚੋ ਨਗਦ ਰਕਮ ਲੈਣ ਲਈ ਵਰਤੋਂ ਕੀਤੇ ਜਾਣ ਦੇ ਬਦਲੇ ਵਿੱਚ ਲਈ ਜਾਂਦੀ ਵਾਧੂ ਫ਼ੀਸ ਹੁੰਦੀ ਹੈ। ਜੇ ਕੋਈ ਸਰਚਾਰਜ ਲੱਗਦਾ ਹੈ, ਤਾਂ ਤੁਹਾਡੇ ਕੈਸ਼ ਖਾਤੇ ਵਿੱਚੋਂ ਆਪਣੇ-ਆਪ ਕੱਟ ਲਿਆ ਜਾਵੇਗਾ। ਜੇ ਤੁਸੀਂ ਸਰਚਾਰਜ ਨਹੀਂ ਦੇਣਾ ਚਾਹੁੰਦੇ ਹੋ, ਤਾਂ ਬਸ ਆਪਣਾ ਟ੍ਰਾਂਜੈਕਸ਼ਨ ਰੱਦ ਕਰ ਦਿਓ ਅਤੇ ਕਿਸੇ ਹੋਰ ATM ਜਾਂ POS ਸਥਾਨ 'ਤੇ ਜਾਓ ਜਿੱਥੇ ਸਰਚਾਰਜ ਨਹੀਂ ਲਾਇਆ ਜਾਂਦਾ ਹੈ।

## ਮੈਂ ਆਪਣੇ EBT ਨਗਦ ਲਾਭਾਂ ਦੀ ਵਰਤੋਂ ਕਿਵੇਂ ਕਰਾਂ, 'ਤੇ ਕੋਈ ਪਾਬੰਦੀਆਂ ਹਨ?

ਸਰਾਵਾਂ, ਬਾਰਸ, ਸ਼ਰਾਬ ਦੀਆਂ ਦੁਕਾਨਾਂ, ਬੇਲ ਬੌਂਡ ਏਜੰਸੀਆਂ, ਬਾਲਗ਼ ਲਈ ਮਨੋਰੰਜਨ ਦੀਆਂ ਥਾਵਾਂ 'ਤੇ ਅਤੇ ਕਿਸੇ ਵੀ ਸੰਸਥਾਵਾਂ, ਜਿੱਥੇ ਨਾਬਾਲਗ਼ਾਂ ਨੂੰ ਜੂਆ ਖੇਡਣ, ਟੈਟੂ ਬਣਵਾਉਣ ਜਾਂ ਸਰੀਰ ਵਿਨ੍ਹਾਉਣ ਜਾਂ ਤਮਾਖੂ, ਭੰਗ ਜਾਂ ਭੰਗ ਨਾਲ ਬਣੇ ਉਤਪਾਦ ਖ਼ਰੀਦਣ ਦੀ ਮਨਾਹੀ ਹੈ, ਵਿਖੇ EBT ਕਾਰਡ ਦੀ ਵਰਤੋਂ ਕਰਨ ਜਾਂ EBT ਕਾਰਡ ਤੋਂ ਨਗਦੀ ਪ੍ਰਾਪਤ ਕਰਨਾ ਕਾਨੂੰਨ ਦੀ ਉਲੰਘਣਾ ਹੈ।

## ਜੇ ਮੈਂ ਆਪਣੇ ਲਾਭਾਂ ਦੀ ਵਰਤੋਂ ਨਹੀਂ ਕਰਦਾ/ਕਰਦੀ, ਤਾਂ ਕੀ ਹੁੰਦਾ ਹੈ?

ਜਾਰੀ ਕੀਤ ਜਾਣ ਵਾਲੇ ਮਹੀਨੇ ਦੌਰਾਨ ਜਿਹੜੇ ਲਾਭ ਨਹੀਂ ਵਰਤੇ ਜਾਂਦੇ, ਉਹ ਅਗਲੇ ਮਹੀਨੇ ਵਿੱਚ ਜਮ੍ਹਾ ਹੋ ਜਾਣਗੇ। ਜੇ ਤੁਸੀਂ 274 ਦਿਨਾਂ ਦੇ ਅੰਦਰ ਆਪਣੇ ਘੱਟੋ-ਘੱਟ ਕੁਝ ਲਾਭ ਨਹੀਂ ਇਸਤੇਮਾਲ ਕਰਦੇ, ਤਾਂ ਲਾਭ ਰੱਦ ਕਰ ਦਿੱਤੇ ਜਾਣਗੇ। ਕੁਝ ਮਾਮਲਿਆਂ ਵਿੱਚ, ਇਹ ਲਾਭ ਬਦਲੇ ਨਹੀਂ ਜਾਣਗੇ।

## ਕੀ ਮੈਂ ਆਪਣੇ EBT ਖਾਤੇ ਵਿੱਚ ਪੈਸੇ ਜਮ੍ਹਾ ਕਰ ਸਕਦਾ/ਸਕਦੀ ਹਾਂ?

ਨਹੀਂ। ਤੁਸੀਂ ਆਪਣੇ ਨਗਦ ਖਾਤੇ ਵਿੱਚੋਂ ਸਿਰਫ਼ ਪੈਸੇ ਕਢਵਾ ਸਕਦੇ ਹੋ।

## ਡਾਇਰੈਕਟ ਡਿਪਾੱਜ਼ਿਟ ਕੀ ਹੁੰਦਾ ਹੈ?

EBT ਦੀ ਵਰਤੋਂ ਕਰਨ ਦੀ ਥਾਂ, ਤੁਸੀਂ ਆਪਣੇ ਨਗਦ ਲਾਭਾਂ ਨੂੰ ਹਰ ਮਹੀਨੇ ਸਿੱਧਿਆਂ ਆਪਣੇ ਨਿਜੀ ਬੈਂਕ ਖਾਤੇ ਵਿੱਚ ਜਮ੍ਹਾ ਕਰਾਉਣ ਦੀ ਚੋਣ ਕਰ ਸਕਦੇ ਹੋ। ਤੁਸੀਂ ਭੋਜਨ ਲਾਭਾਂ ਲਈ ਡਾਇਰੈਕਟ ਡਿਪਾੱਜ਼ਿਟ ਦੀ ਵਰਤੋਂ ਨਹੀਂ ਕਰ ਸਕਦੇ। ਹੋਰ ਜਾਣਕਾਰੀ ਲਈ DSHS ਨਾਲ ਸੰਪਰਕ ਕਰੋ ਜਾਂ ਟੋਲ-ਫ਼੍ਰੀ ਨੰਬਰ 888-235-2954 'ਤੇ ਕਾੱਲ ਕਰੋ।

## ਇੱਕ ਬਦਲਵਾਂ ਕਾਰਡ-ਧਾਰਕ ਕੀ ਹੈ?

ਤੁਸੀਂ ਕਿਸੇ ਹੋਰ ਵਿਅਕਤੀ, ਜਿਸ ਨੂੰ ਬਦਲਵਾਂ ਕਾਰਡ-ਧਾਰਕ ਕਿਹਾ ਜਾਂਦਾ ਹੈ, ਨੂੰ ਚੁਣ ਸਕਦੇ ਹੋ, ਜੋ ਤੁਹਾਡੇ ਲਈ ਤੁਹਾਡੇ ਲਾਭਾਂ ਤੱਕ ਪਹੁੰਚ ਕਰ ਸਕਦਾ ਹੈ। ਬਦਲਵੇਂ ਕਾਰਡ-ਧਾਰਕ ਨੂੰ ਆਪਣਾ ਖ਼ੁਦ ਦਾ ਵਾੱਸ਼ਿੰਗਟਨ Quest EBT ਕਾਰਡ ਅਤੇ PIN ਪ੍ਰਾਪਤ ਕਰਨ ਲਈ ਸਥਾਨਕ ਦਫ਼ਤਰ ਵਿੱਚ ਜ਼ਰੂਰ ਜਾਣਾ ਚਾਹੀਦਾ ਹੈ। ਜੇ ਤੁਹਾਨੂੰ ਬਦਲਵੇਂ ਕਾਰਡ ਧਾਰਕ ਦੀ ਲੋੜ ਹੈ, ਤਾਂ ਕਿਸੇ ਭਰੋਸੇਯੋਗ ਵਿਅਕਤੀ ਨੂੰ ਚੁਣੋ। ਯਾਦ ਰੱਖੋ, ਗੁਆਚੇ ਜਾਂ ਚੋਰੀ ਹੋਏ ਲਾਭ ਬਦਲੇ ਨਹੀਂ ਜਾਣਗੇ। ਤੁਸੀਂ ਗਾਹਕ ਸੇਵਾ ਨੂੰ ਕਾੱਲ ਕਰਕੇ ਬਦਲਵੇਂ ਕਾਰਡ-ਧਾਰਕ ਦਾ ਕਾਰਡ ਰੱਦ ਕਰ ਸਕਦੇ ਹੋ।

## ਮੈਂ ਗਾਹਕ ਸੇਵਾ ਨੂੰ ਕਦੋਂ ਕਾੱਲ ਕਰਾਂ?

- ਜੇ ਤੁਹਾਡਾ ਕਾਰਡ ਗੁਆਚ ਜਾਂਦਾ ਹੈ, ਚੋਰੀ ਹੋ ਜਾਂਦਾ ਹੈ ਜਾਂ ਖ਼ਰਾਬ ਹੋ ਜਾਂਦਾ ਹੈ।
- ਜੇ ਤੁਸੀਂ PIN ਭੁੱਲ ਜਾਂਦੇ ਹੋ ਜਾਂ ਗੁਆਚ ਜਾਂਦਾ ਹੈ।
- ਆਪਣਾ PIN ਚੁਣਨ ਜਾਂ ਬਦਲਣ ਲਈ।
- ਆਪਣੀ ਬਕਾਇਆ ਰਕਮ ਦਾ ਪਤਾ ਲਾਉਣ ਲਈ।
- ਆਪਣੇ ਪਿਛਲੇ 10 ਲੈਣ-ਦੇਣ ਸੁਣਨ ਲਈ।
- ਦੋ-ਮਹੀਨਿਆਂ ਦੇ ਲੈਣ-ਦੇਣ ਦੇ ਰਿਕਾੱਰਡ ਲਈ ਬੇਨਤੀ ਕਰਨ ਵਾਸਤੇ।
- ਜੇ ਤੁਹਾਡੇ ਇੱਕ ਲੈਣ-ਦੇਣ ਬਾਰੇ ਸੁਆਲ ਹਨ।
- ਜੇ ਤੁਹਾਡੇ ਕੋਈ ਸੁਆਲ ਹਨ ਜਾਂ ਆਪਣੇ ਕਾਰਡ ਬਾਰੇ ਕੋਈ ਮਦਦ ਚਾਹੀਦੀ ਹੈ।

## ਜੇ ਘਰ ਬਦਲਣ ਜਾਂ ਆਪਣਾ ਪਤਾ ਬਦਲਣ ਦਾ ਪਲਾਨ ਹੈ, ਤਾਂ ਕੀ ਹੁੰਦਾ ਹੈ?

ਕਿਸੇ ਵੀ ਤਬਦੀਲੀ ਬਾਰੇ ਦੱਸਣ ਲਈ, ਜਿਸ ਵਿੱਚ ਤੁਹਾਡੇ ਪਤੇ ਦਾ ਅਪਡੇਟ ਵੀ ਸ਼ਾਮਿਲ ਹੈ, ਲਈ 877-501-2233 'ਤੇ ਕਾੱਲ ਕਰਕੇ DSHS ਨਾਲ ਸੰਪਰਕ ਕਰੋ ਜਾਂ ਤਬਦੀਲੀਆਂ ਬਾਰੇ ਔਨਲਾਈਨ ਦੱਸਣ ਲਈ **www.washingtonconnection.org** ਦੀ ਵਰਤੋਂ ਕਰੋ।

This pamphlet is available in your language at your local DSHS Office.

ይህ ለአስተኛ መጽሔት በቋንቋዎ በአካባቢዎ የዲኤስኤችኤስ ጽህፈት ቤት ይገኛል። (Amharic)

إن هذه النسخة موفرة لك بلغتك في مكتب الـ DSHS في الضاحية التي تسكن بها. (Arabic)

កូនសៀវភៅនេះមានផ្តល់ជូនជាភាសារបស់លោកអ្នកនៅឯការិយាល័យ DSHS ប្រចាំតំបន់របស់លោកអ្នក ។ (Cambodian)

本小冊備有您的語言版本，可向您當地的 DSHS 辦事處索取。(Chinese)

اين جزوه در زبان شما در اداره خدمات اجتماعي و درماني DSHS منطقه ايتان در دسترس مي باشد. (Farsi)

Dlaim ntawv nuav muaj txhais ua koj yaam lug hab nwg nyob rua ntawm lub DSHS kws ze koj ko. (Hmong)

이 팜플렛의 한국어 팜플렛은 귀하지역 관할 보건사회부(DSHS) 사무소에 비치돼 있습니다.(Korean)

ປື້ມຄູ່ມືຫົວນີ້ມີໄວ້ໃຫ້ເປັນພາສາຂອງທ່ານຢູ່ທີ່ຫ້ອງການ DSHS ທ້ອງຖິ່ນຂອງທ່ານ. (Laotian)

ਇਹ ਪੈਂਫਲੇਟ ਤੁਹਾਨੂੰ ਮਿਲ ਸਕਦਾਂ ਹੈ ਆਪ ਦੀ ਭਾਸ਼ਾ ਵਿਚੱ ਆਪਣੇ ਸਥਾਨੀ DSHS ਦਫਤਰ II (Punjabi)

Acest pamflet este disponibil în limba dumneavoastră la oficiul DSHS local. (Romanian)

Вы можете получить эту брошюру на своём языке в своём местном офисе DSHS.(Russian)

O lo'o maua le tusi lea i lau gagana i le ofisa o le Welfare (DSHS). (Samoan)

Ovaj pamflet je dostupan i na vašem jeziku u vašem mjesnom DSHS uredu. (Serbo-Croatian)

Waraaqahani waxaad ka helikartaa xafiiska Walfeerka, DSHS, ee kuu dhow, iyaga oo ku qorran afgaaga. (Somali)

Ang pamphlet na ito ay nakasulat rin sa Tagalog at makukuha sa tanggapan ng DSHS na pinakamalapit sa inyo. (Tagalog)

እዚ መጽሔት እዚ ብቛንቋኹም ኣብ ከባቢኹም ዝርከብ ቤት ጽሕፈት ዌልፈር ይርከብ (Tigrigna)

Ви можете одержати цю брошуру на своїй мові в своєму місцевому офісі DSHS.(Ukrainian)

Tập sơ liệu này hiện có bằng ngôn ngữ của quí vị tại văn phòng DSHS địa phương.(Vietnamese)

USDA ਇੱਕੋ ਜਿਹਾ ਮੌਕਾ ਦੇਣ ਵਾਲਾ ਪ੍ਰੋਵਾਈਡਰ ਅਤੇ ਨੌਕਰੀਦਾਤਾ ਹੈ।


©2021 FIS. ਸਾਰੇ ਹੱਕ ਰਾਖਵੇਂ ਹਨ।

Washington State Department of Social & Health Services

*Transforming lives*

DSHS 22-310 PJ (Rev. 09/21) Punjabi

# ਵਾੱਸ਼ਿੰਗਟਨ Quest EBT ਕਾਰਡ ਦੀ ਵਰਤੋਂ ਕਰਨਾ




**ਜੁਰਮਾਨੇ ਦੀ ਚਿਤਾਵਨੀ:**
*ਕਿਸੇ **EBT** ਕਾਰਡ ਨੂੰ ਵੇਚਣ ਜਾਂ ਵੇਚਣ ਦੀ ਕੋਸ਼ਿਸ਼ ਕਰਨਾ ਜਾਂ ਇਹਨਾਂ ਚੀਜ਼ਾਂ ਦੇ ਮੁੱਲ ਬਦਲੇ ਭੋਜਨ ਲਾਭਾਂ ਦੀ ਅਦਲਾ-ਬਦਲੀ ਕਰਨਾ ਜਾਂ ਅਦਲਾ-ਬਦਲੀ ਕਰਨ ਦੀ ਕੋਸ਼ਿਸ਼ ਕਰਨਾ ਗ਼ੈਰਕਾਨੂੰਨੀ ਹੈ ਜਿਵੇਂ: ਨਕਦ, ਨਸ਼ੀਲੀਆਂ ਦਵਾਈਆਂ, ਹਥਿਆਰ, ਜਾਂ ਕਿਸੇ ਅਧਿਕਾਰਤ ਰਿਟੇਲਰ ਤੋਂ ਯੋਗ ਭੋਜਨ ਪਦਾਰਥਾਂ ਤੋਂ ਇਲਾਵਾ ਹੋਰ ਕੋਈ ਚੀਜ਼ ਖਰੀਦਣਾ। ਇਰਾਦਤਨ ਦੁਰਵਰਤੋਂ ਦੇ ਨਤੀਜੇ ਵਜੋਂ ਯੋਗਤਾ ਰੱਦ ਕੀਤੀ ਜਾ ਸਕਦੀ ਹੈ, ਜੁਰਮਾਨੇ ਲਗਾਏ ਅਤੇ ਕਾਨੂੰਨੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ, ਜਿਸ ਵਿਚ ਅਪਰਾਧਿਕ ਮੁਕੱਦਮਾ ਸ਼ਾਮਲ ਹੈ।*

ਖਾਤੇ ਦੀ ਜਾਣਕਾਰੀ ਲਈ,
**www.ebtedge.com** 'ਤੇ ਜਾਓ
ਜਾਂ *ebt*EDGE ਮੋਬਾਈਲ ਐਪ
ਦੀ ਵਰਤੋਂ ਕਰੋ

ਜਾਂ

## ਗਾਹਕ ਸੇਵਾ ਨੂੰ ਕਾੱਲ ਕਰੋ

**888-328-9271**
**711 (TTY ਸਟੇਟ ਰਿਲੇ)**
**800-833-6385 (ਟੈਲੀਬ੍ਰੇਲ)**